Ph No. 01633-292380
Email Id:- eonpbrw@gmail.com

# NAGAR PANCHAYAT, BARIWALA (Sri Muktsar Sahib)
# ਨਗਰ ਪੰਚਾਇਤ, ਬਰੀਵਾਲਾ (ਜਿਲ੍ਹਾ ਸ੍ਰੀ ਮੁਕਤਸਰ ਸਾਹਿਬ)

## ਪਬਲਿਕ ਨੋਟਿਸ

ਨਗਰ ਪੰਚਾਇਤ, ਬਰੀਵਾਲਾ ਵੱਲੋਂ ਆਪਣੇ ਮਤਾ ਨੰ. 08 ਮਿਤੀ 02-07-2021 ਅਤੇ ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ. ਸ1-ਜਬ-ਡਸਸ-2021/27776 ਮਿਤੀ 16-07-2021 ਰਾਹੀ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆ ਆਸਾਮੀਆ ਵਿਰੁੱਧ ਡਿਪਟੀ ਕਮਿਸ਼ਨਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਲੇਬਰ ਰੇਟਾ ਦੀਆ ਅਦਾਇਗੀਆ ਤੇ ਠੇਕਾ ਅਧਾਰ 25 ਸਫਾਈ ਸੇਵਕਾਂ ਦੀਆ ਨਿਯੁਕਤੀਆਂ ਕੀਤੀਆ ਜਾਣੀਆ ਹਨ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 03-09-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿਚ ਬਿਨੈ ਪੱਤਰਾਂ (ਸਮੇਤ ਦਸਤਾਂਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 03-09-2021 ਤੱਕ ਰਜਿਸਟਰ ਡਾਕ ਰਾਹੀ ਜਾਂ ਦਸਤੀ ਤੋਰ ਤੇ ਬਿਨੈ ਪੱਤਰਾਂ (ਸਮੇਤ ਦਸਤਾਂਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਪੰਚਾਇਤ, ਬਰੀਵਾਲਾ ਵਿਖੇ ਜਮ੍ਹਾ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਆਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੋਰ ਨਹੀ ਕੀਤੀ ਜਾਵੇਗੀ। ਇਸ ਤੋ ਇਲਾਵਾ ਚਾਹਵਾਨ ਉਮੀਦਵਾਰ ਹੇਠ ਲਿਖੀਆ ਸ਼ਰਤਾ ਪੂਰੀਆ ਕਰਦਾ ਹੋਣਾ ਚਾਹੀਦਾ ਹੈ।

1. ਉਮੀਦਵਾਰ ਉਪਰੋਕਤ ਅਸਾਮੀ ਲਈ ਨਿਰਧਾਰਿਤ ਯੋਗਤਾ ਪੂਰੀ ਕਰਦਾ ਹੋਵੇ।
2. ਸਰਕਾਰ ਦੀਆ ਹਦਾਇਤਾ ਅਨੁਸਾਰ ਨਿਰਧਾਰਿਤ ਉਮਰ ਹੱਦ ਅਨੁਸਾਰ ਯੋਗ ਹੋਵੇ ਭਾਵ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿੱਚਕਾਰ ਹੋਣੀ ਚਾਹੀਦੀ ਹੈ। ਇਨਾਂ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਪਾਲਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇ।
3. ਉਮੀਦਵਾਰ ਵਿਰੁੱਧ ਫੋਜਦਾਰੀ ਕੇਸ ਨਾ ਚੱਲ ਰਿਹਾ ਹੋਵੇ ਇਸ ਸਬੰਧੀ ਉਮੀਦਵਾਰ ਤੋਂ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤੀ ਜਾਵੇ।
4. ਘੱਟੋ-ਘੱਟ ਤਿੰਨ ਸਾਲ ਦਾ ਤਜਰਬਾ ਰੱਖਣ ਵਾਲੇ ਨੂੰ ਤਰਜੀ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ ( Length of experience) ਦੇ ਅਧਾਰ ਤੇ weight age ਦਿੱਤੀ ਜਾਵੇਗੀ।
5. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

ਸਫਾਈ ਕਰਮਚਾਰੀਆਂ ਦੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਫਾਈ ਸੇਵਕਾ ਦੀਆਂ ਨਿਯੁਕਤੀਆ ਲਈ ਸਥਾਨਕ ਸਰਕਾਰਾਂ ਵਿਭਾਗ ਵਿਚ ਅਤੇ ਨਿਯੁਕਤੀ ਲਈ ਘੱਟੋ-ਘੱਟ ਉਮਰ ਵਿਚ ਉਮੀਦਵਾਰ ਦੇ ਤਜਰਬੇ ਬਰਾਬਰ ਛੋਟ ਦਿੱਤੀ ਜਾਵੇਗੀ। ਉਮੀਦਵਾਰ ਫਿਜੀਕਲੀ ਫਿੱਟ ਹੋਣਾ ਚਾਹੀਦਾ ਹੈ।

ਨਗਰ ਪੰਚਾਇਤ, ਬਰੀਵਾਲਾ ਵੱਲੋਂ ਨਿਯੁਕਤੀ ਕੀਤੀ ਜਾ ਰਹੇ ਸਫਾਈ ਸੇਵਕ ਤੋਂ ਸਫਾਈ ਦੇ ਕੰਮ, ਨਾਲੇ/ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਡ ਵੇਸਟ ਦੇਖਭਾਲ ਦਾ ਕੰਮ ਲਿਆ ਜਾ ਸਕਦਾ ਹੈ।

# ਕੰਨਟਰੈਕਟ ਬੇਸ ਤੇ ਸਫਾਈ ਸੇਵਕ ਦੀ ਅਸਾਮੀ ਲਈ ਬਿਨੈ-ਪੱਤਰ

ਅਸਾਮੀ ਦਾ ਨਾਮ:-

| | | |
|---|---|---|
| 1. | ਉਮੀਦਵਾਰ ਦਾ ਨਾਮ | |
| 2. | ਪਿਤਾ/ਪਤੀ ਦਾ ਨਾਮ | |
| 3. | ਜਨਮ ਮਿਤੀ (ਸਬੂਤ ਨਾਲ ਨੱਥੀ) | |
| 4. | ਉਮਰ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ ਦੇ ਪੱਤਰ ਨੰ.9/56/2020-5PP1/33 ਮਿਤੀ 12-01-2021 ਰਾਹੀ ਛੋਟ ਦਿੱਤੀ ਜਾਵੇਗੀ। | |
| 5. | ਜਨਮ ਦਾ ਸਥਾਨ (ਜਿਲ੍ਹਾ ਅਤੇ ਰਾਜ) | |
| 6. | ਘਰ ਦਾ ਪੱਕਾ ਪਤਾ | |
| 7. | ਪੱਤਰ ਵਿਹਾਰ ਲਈ ਪਤਾ | |
| 8. | ਮੋਬਾਇਲ ਨੰ. | |
| 9 | ਕੈਟਾਗਿਰੀ | |
| 10. | ਕੋਮੀਅਤ (Nationality) | |
| 11. | ਵਿਦਿਅਕ ਯੋਗਤਾ | |

| 12. | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾ ਦੀ ਪ੍ਰਤੀਸ਼ਤ |
|---|---|---|---|---|---|---|
| | | | | | | |
| | | | | | | |

12. ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ ? ਹਾਂ ਜਾਂ ਨਹੀ ( )

13. ੳ) ਤਜਰਬਾ (ਕਦੋਂ ਤੋਂ ਕਦੋਂ ਤੱਕ ) ਸੰਸਥਾ ਦਾ ਨਾਂਮ :

( ਨੋਟ ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਕੀਤਾ ਜਾਵੇਗਾ)

ਅ) ਈ.ਪੀ.ਐਫ ਨੰਬਰ ਜੇਕਰ ਹੈ ਤਾਂ)

ੲ) ਸੈਲਰੀ ਅਕਾਊਂਟ ਨੰਬਰ (ਬੈਂਕ ਡੀਟੇਲ )

## ਸਵੈ-ਘੋਸ਼ਣਾ

ਮੈ .............................. ਪੱਤਰ/ਪੁੱਤਰੀ ਸ਼੍ਰੀ .............................. ਉਮਰ............ ਘੋਸ਼ਣਾ ਕਰਦਾ/ਕਰਦੀ ਹਾਂ ਕੀ ਮੈ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਲਾਫ ਕੋਈ ਵੀ ਫੋਜਦਾਰੀ ਕੇਸ ਨਹੀ ਚੱਲ ਰਿਹਾ ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ਼ ਠੀਕ ਅਤੇ ਸਹੀ ਹਨ। ਇਨਾਂ ਵਿਚ ਮੈਂ ਕੋਈ ਤੱਥ ਲੁਕਾਇਆ ਨਹੀ ਹੈ। ਜੇਕਰ ਮੇਰੀ ਵੱਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁਲ ਹੋਵੇਗੀ।

ਮਿਤੀ :

ਸਥਾਨ:

ਨੱਥੀ ਦਸਤਾਵੇਜ਼:

ਉਮੀਦਵਾਰ ਦੇ ਹਸਤਾਖਰ

ਪ੍ਰਧਾਨ-ਕਮ-ਚੇਅਰਮੈਨ ਭਰਤੀ ਕਮੇਟੀ
ਨਗਰ ਪੰਚਾਇਤ ਬਰੀਵਾਲਾ।

ਕਾਰਜ ਸਾਧਕ ਅਫਸਰ-ਕਮ-ਮੈਂਬਰ ਸਕੱਤਰ ਭਰਤੀ ਕਮੇਟੀ
ਨਗਰ ਪੰਚਾਇਤ ਬਰੀਵਾਲਾ।